**ਨਿਊਜ਼** ਰਿਲੀਜ਼

# ਅਲਬਰਟਾ ਵਾਸੀਆਂ ਦੀ ਰੱਖਿਆ ਕਰਨ ਲਈ ਨੈਚੁਰਲ ਗੈਸ ਛੋਟ ਪ੍ਰੋਗਰਾਮ ਤਿਆਰ ਹੈ

26 ਸਤੰਬਰ, 2022 ਮੀਡੀਆ ਵੱਲੋਂ ਪੁੱਛਗਿੱਛ

## 1 ਅਕਤੂਬਰ ਤੋਂ ਸ਼ੁਰੂ ਕਰਦੇ ਹੋਏ, ਅਲਬਰਟਾ ਦਾ ਨੈਚੁਰਲ ਗੈਸ ਛੋਟ ਪ੍ਰੋਗਰਾਮ ਇਹਨਾਂ ਸਰਦੀਆਂ ਵਿੱਚ ਲੱਖਾਂ ਅਲਬਰਟਾ ਵਾਸੀਆਂ ਲਈ ਨੈਚੁਰਲ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਕੀਮਤ ਸੁਰੱਖਿਆ ਪ੍ਰਦਾਨ ਕਰੇਗਾ।

ਰੂਸ ਦੁਆਰਾ ਯੂਕ੍ਰੇਨ 'ਤੇ ਹਮਲੇ, ਗਲੋਬਲ ਸਪਲਾਈ ਵਿੱਚ ਕਮੀ ਅਤੇ ਹੋਰ ਕਾਰਕਾਂ ਕਾਰਨ ਦੁਨੀਆ ਭਰ ਦੇ ਦੇਸ਼ਾਂ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਊਰਜਾ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧੇ ਦਾ ਸਾਹਮਣਾ ਕੀਤਾ ਹੈ। ਅਲਬਰਟਾ ਦਾ ਨੈਚੁਰਲ ਗੈਸ ਛੋਟ ਪ੍ਰੋਗਰਾਮ ਪੂਰੇ ਸੂਬੇ ਵਿੱਚ 1.6 ਮਿਲੀਅਨ ਤੋਂ ਵੱਧ ਪਰਿਵਾਰਾਂ, ਖੇਤਾਂ ਅਤੇ ਕਾਰੋਬਾਰਾਂ ਨੂੰ ਲਾਗਤ ਨਿਸ਼ਚਿਤਤਾ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।

$50 ਮਹੀਨਾਵਾਰ ਬਿਜਲੀ ਛੋਟ ਅਤੇ ਫਿਊਲ ਟੈਕਸ ਵਿੱਚ ਵਿਰਾਮ ਦੇ ਨਾਲ, ਅਲਬਰਟਾ ਦੀ ਨੈਚੁਰਲ ਗੈਸ ਛੋਟ ਊਰਜਾ ਦੀਆਂ ਉੱਚੀਆਂ ਕੀਮਤਾਂ ਤੋਂ ਸੁਰੱਖਿਆ ਪ੍ਰਦਾਨ ਕਰਕੇ ਜੀਵਨ ਦੀ ਵੱਧ ਰਹੀ ਲਾਗਤ ਦਾ ਮੁਕਾਬਲਾ ਕਰਨ ਵਿੱਚ ਮਦਦ ਕਰੇਗੀ।

"ਇਹ ਛੋਟ ਪ੍ਰੋਗਰਾਮ ਪਰਿਵਾਰਾਂ, ਖੇਤਾਂ ਅਤੇ ਕਾਰੋਬਾਰਾਂ ਨੂੰ ਹੀਟਿੰਗ ਖਰਚਿਆਂ ਦਾ ਪ੍ਰਬੰਧਨ ਕਰਨ ਅਤੇ ਜੀਵਨ ਨੂੰ ਕਿਫ਼ਾਇਤੀ ਰੱਖਣ ਵਿੱਚ ਮਦਦ ਕਰਨ ਲਈ ਅਸਲ ਸੁਰੱਖਿਆ ਅਤੇ ਨਿਸ਼ਚਿਤਤਾ ਪ੍ਰਦਾਨ ਕਰਦਾ ਹੈ। ਦੁਨੀਆ ਭਰ ਵਿੱਚ ਰਹਿਣ-ਸਹਿਣ ਦੀ ਲਾਗਤ ਵਧਣ ਦੇ ਨਾਲ, ਅਲਬਰਟਾ ਦੇ ਲੋਕ ਇਸ ਗੱਲ 'ਤੇ ਭਰੋਸਾ ਕਰ ਸਕਦੇ ਹਨ ਕਿ, ਜੇਕਰ ਨੈਚੁਰਲ ਗੈਸ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ, ਤਾਂ ਸਾਡੇ ਕੋਲ ਉਹਨਾਂ ਦੀ ਰੱਖਿਆ ਕਰਨ ਵਿੱਚ ਮਦਦ ਕਰਨ ਲਈ ਛੋਟਾਂ ਹਨ। ਅਸੀਂ ਅਲਬਰਟ ਵਾਸੀਆਂ ਦੀ, ਉਹਨਾਂ ਸਮੇਤ ਜੋ ਮੁਕਾਬਲੇਦਾਰ ਰੇਟ ਕੰਟਰੈਕਟਾਂ 'ਤੇ ਹਨ, ਉਹਨਾਂ ਦੇ ਸਰਦੀਆਂ ਦੇ ਹੀਟਿੰਗ ਬਿੱਲਾਂ 'ਤੇ ਅਸਧਾਰਨ ਕੀਮਤਾਂ ਦੇ ਵਾਧੇ ਦੀ ਸੰਭਾਵਨਾ ਤੋਂ ਰੱਖਿਆ ਕਰ ਰਹੇ ਹਾਂ।"

*ਡੇਲ ਨਲੀ (Dale Nally), ਨੈਚੁਰਲ ਗੈਸ ਅਤੇ ਬਿਜਲੀ ਦੇ ਐਸੋਸੀਏਟ ਮਿਨਿਸਟਰ*

## ਛੋਟ ਕਿਵੇਂ ਕੰਮ ਕਰਦੀ ਹੈ

ਨੈਚੁਰਲ ਗੈਸ ਛੋਟ ਪ੍ਰੋਗਰਾਮ 1 ਅਕਤੂਬਰ ਤੋਂ 31 ਮਾਰਚ ਤੱਕ ਚੱਲਦਾ ਹੈ। ਅਲਬਰਟਾ ਵਾਸੀਆਂ ਨੂੰ ਮਿਲਣ ਵਾਲੀ ਸਟੀਕ ਛੋਟ ਦੀ ਰਕਮ ਹਰ ਮਹੀਨੇ ਨੈਚੁਰਲ ਗੈਸ ਦੇ ਮੂਲ ਰੇਟ 'ਤੇ ਨਿਰਭਰ ਕਰਦੀ ਹੈ।

ਜੇਕਰ ਕਿਸੇ ਵੀ ਨਿਯੰਤ੍ਰਿਤ ਉਪਯੋਗਤਾ ਪ੍ਰਦਾਤਾ (ATCO ਗੈਸ ਨੋਰਥ ਅਤੇ ATCO ਗੈਸ ਸਾਊਥ, ਜਿਵੇਂ ਕਿ ਡਾਇਰੈਕਟ ਐਨਰਜੀ ਰੈਗੁਲੇਟਿਡ ਸਰਵਿਸਿਜ਼, ਜਾਂ ਐਪੈਕਸ ਯੂਟਿਲਿਟੀਜ਼ ਦੁਆਰਾ ਦਿੱਤੀ ਜਾਂਦੀ ਹੈ) ਤੋਂ ਨੈਚੁਰਲ ਗੈਸ ਦਾ ਮਹੀਨਾਵਾਰ ਮੂਲ ਰੇਟ $6.50 ਪ੍ਰਤੀ ਗੀਗਾਜੂਲ ਤੋਂ ਉੱਪਰ ਚਲਾ ਜਾਂਦਾ ਹੈ, ਤਾਂ ਸਰਕਾਰ ਉਸ ਮਹੀਨੇ $6.50 ਅਤੇ ਉੱਚਤਮ ਨਿਯੰਤ੍ਰਿਤ ਰੇਟ ਵਿਚਕਾਰ ਅੰਤਰ ਨੂੰ ਕਵਰ ਕਰਦੇ ਹੋਏ, ਸਾਰੇ ਯੋਗ ਖਪਤਕਾਰਾਂ ਨੂੰ ਛੋਟ ਪ੍ਰਦਾਨ ਕਰੇਗੀ।

1 ਅਕਤੂਬਰ ਤੋਂ 31 ਮਾਰਚ ਤੱਕ, ਜਦੋਂ ਵੀ ਮਹੀਨਾਵਾਰ ਮੂਲ ਰੇਟ $6.50 ਪ੍ਰਤੀ ਗੀਗਾਜੂਲ ਤੋਂ ਵੱਧ ਜਾਂਦਾ ਹੈ, ਤਾਂ ਨੈਚੁਰਲ ਗੈਸ ਜਾਂ ਹੋਰ ਪੈਟ੍ਰੋਲੀਅਮ-ਆਧਾਰਿਤ ਹੀਟਿੰਗ ਫਿਊਲ, ਜੋ ਉਹ ਉਸ ਮਹੀਨੇ ਖਪਤ ਕਰਦੇ ਹਨ, ਦੀ ਵਧੀ ਹੋਈ ਲਾਗਤ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਸਾਰੇ ਯੋਗ ਅਲਬਰਟਾ ਵਾਸੀਆਂ ਨੂੰ ਇੱਕ ਛੋਟ ਜਾਰੀ ਕੀਤੀ ਜਾਵੇਗੀ। ਉਦਾਹਰਨ ਲਈ, ਜੇਕਰ ਉੱਚਤਮ ਨਿਯੰਤ੍ਰਿਤ ਰੇਟ $7.50 ਹੈ, ਤਾਂ ਯੋਗ ਖਪਤਕਾਰਾਂ ਨੂੰ ਉਸ ਮਹੀਨੇ ਵਿੱਚ ਵਰਤੇ ਗਏ ਹਰੇਕ ਗੀਗਾਜੂਲ ਲਈ $1 ਦੀ ਛੋਟ ਮਿਲੇਗੀ।

ਕਿਉਂਕਿ ਅਕਤੂਬਰ ਦੀ ਨੈਚੁਰਲ ਗੈਸ ਦਾ ਉੱਚਤਮ ਮਹੀਨਾਵਾਰ ਮੂਲ ਰੇਟ $5.632 ਪ੍ਰਤੀ ਗੀਗਾਜੂਲ ਹੋਵੇਗਾ, ਛੋਟ ਇਸ ਮਹੀਨੇ ਨਹੀਂ ਦਿੱਤੀ ਕੀਤੀ ਜਾਵੇਗੀ ਪਰ ਜੇ ਇਹਨਾਂ ਸਰਦੀਆਂ ਵਿੱਚ ਨੈਚੁਰਲ ਗੈਸ ਦੀਆਂ ਕੀਮਤਾਂ ਵੱਧਦੀਆਂ ਹਨ ਤਾਂ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਸਹਾਇਤਾ ਦੇਣ ਲਈ ਛੋਟ ਪ੍ਰੋਗਰਾਮ ਤਿਆਰ ਅਤੇ ਮੌਜੂਦ ਹੈ।

ਨੈਚੁਰਲ ਗੈਸ ਦਾ ਮਹੀਨਾਵਾਰ ਮੂਲ ਰੇਟ ਹਰ ਮਹੀਨੇ ਦੀ ਸ਼ੁਰੂਆਤ ਤੋਂ ਲਗਭਗ ਪੰਜ ਕਾਰੋਬਾਰੀ ਦਿਨ ਪਹਿਲਾਂ alberta.ca 'ਤੇ ਪੋਸਟ ਕੀਤਾ ਜਾਵੇਗਾ, ਜੋ ਅਲਬਰਟਾ ਵਾਸੀਆਂ ਨੂੰ ਇਹ ਦੱਸੇਗਾ ਕਿ ਕੀ ਛੋਟ ਸ਼ੁਰੂ ਕੀਤੀ ਜਾਵੇਗੀ ਅਤੇ ਉਸ ਮਹੀਨੇ ਉਨ੍ਹਾਂ ਨੂੰ ਪ੍ਰਤੀ ਗੀਗਾਜੂਲ ਕਿੰਨਾ ਪ੍ਰਾਪਤ ਹੋਵੇਗਾ।

## ਸਿਸਟਮ ਨਾਲ ਜੁੜੇ ਨੈਚੁਰਲ ਗੈਸ ਖਪਤਕਾਰ

ਜਿਸ ਮਹੀਨੇ ਛੋਟ ਸਰਗਰਮ ਹੁੰਦੀ ਹੈ, ਉਸ ਮਹੀਨੇ ਤੁਹਾਨੂੰ ਆਪਣੇ ਉਪਯੋਗਤਾ ਬਿੱਲ 'ਤੇ ਆਪਣੇ ਆਪ ਛੋਟ ਪ੍ਰਾਪਤ ਹੋਵੇਗੀ, ਜੇਕਰ ਤੁਸੀਂ ਅਜਿਹੇ ਨੈਚੁਰਲ ਗੈਸ ਖਪਤਕਾਰ ਹੋ ਜੋ:

- ਸਿਸਟਮ ਨਾਲ ਜੁੜਿਆ ਹੋਇਆ ਹੈ
- ਇੱਕ ਨਿਯੰਤ੍ਰਿਤ ਜਾਂ ਮੁਕਾਬਲੇਦਾਰ ਯੋਜਨਾ 'ਤੇ ਹੈ
- ਸਾਲਾਨਾ 2,500 ਗੀਗਾਜੂਲ ਤੋਂ ਘੱਟ ਨੈਚੁਰਲ ਗੈਸ ਦੀ ਵਰਤੋਂ ਕਰਦਾ ਹੈ

ਇਹ ਨਿਯੰਤ੍ਰਿਤ ਅਤੇ ਫਿਕਸਡ-ਰੇਟ ਕੰਟਰੈਕਟਾਂ ਵਰਗੀਆਂ ਮੁਕਾਬਲੇਦਾਰ ਯੋਜਨਾਵਾਂ, ਦੋਵਾਂ ਦੇ ਖਪਤਕਾਰਾਂ 'ਤੇ ਲਾਗੂ ਹੁੰਦਾ ਹੈ। ਜੇਕਰ ਤੁਸੀਂ ਨੈਚੁਰਲ ਗੈਸ ਵੰਡ ਪ੍ਰਣਾਲੀ ਨਾਲ ਜੁੜੇ ਹੋ ਤਾਂ ਕਿਸੇ ਅਰਜ਼ੀ ਦੀ ਲੋੜ ਨਹੀਂ ਹੈ।

## ਹੋਰ ਹੀਟਿੰਗ ਫਿਊਲ ਵੀ ਯੋਗ ਹਨ

ਥੋੜ੍ਹੇ ਜਿਹੇ ਯੋਗ ਐਲਬਰਟਾ ਵਾਸੀ ਨੈਚੁਰਲ ਗੈਸ ਵੰਡ ਪ੍ਰਣਾਲੀ ਨਾਲ ਨਹੀਂ ਜੁੜੇ ਹੋਏ ਹਨ ਅਤੇ ਹੀਟਿੰਗ ਦੇ ਉਦੇਸ਼ਾਂ ਲਈ ਨੈਚੁਰਲ ਗੈਸ, ਪ੍ਰੋਪੇਨ, ਮਿੱਟੀ ਦੇ ਤੇਲ ਜਾਂ ਹੀਟਿੰਗ ਆਇਲ ਦੀ ਵਰਤੋਂ ਕਰ ਰਹੇ ਹਨ। ਇਹਨਾਂ ਖਪਤਕਾਰਾਂ ਵਿੱਚ ਸਰਦੀਆਂ ਲਈ ਹੀਟਿੰਗ ਫਿਊਲ ਗਰਮੀਆਂ ਦੇ ਮਹੀਨਿਆਂ ਵਿੱਚ ਥੋਕ ਵਿੱਚ ਖਰੀਦਣ ਦਾ ਰੁਝਾਨ ਹੈ, ਅਤੇ ਛੋਟ ਇਸ ਰੁਝਾਨ ਨੂੰ ਦਰਸਾਉਂਦੀ ਹੈ।

ਤੁਸੀਂ ਉਹਨਾਂ ਮਹੀਨਿਆਂ ਵਿੱਚ ਖਰੀਦੇ ਗਏ ਫਿਊਲ ਦੇ ਅਧਾਰ 'ਤੇ, ਜਿਸ ਵਿੱਚ ਛੋਟ ਲਾਗੂ ਹੁੰਦੀ ਹੈ, ਹੇਠ ਲਿਖੀਆਂ ਅਧਿਕਤਮ ਸੀਮਾਵਾਂ ਤੱਕ ਛੋਟਾਂ ਲਈ ਅਰਜ਼ੀ ਦੇ ਸਕਦੇ ਹੋ:

- ਪ੍ਰੋਪੇਨ: 16,334 ਲਿਟਰ ਪ੍ਰਤੀ ਮਹੀਨਾ
- ਹੀਟਿੰਗ ਆਇਲ: 10,780 ਲਿਟਰ ਪ੍ਰਤੀ ਮਹੀਨਾ
- ਮਿੱਟੀ ਦਾ ਤੇਲ: 11,068 ਲਿਟਰ ਪ੍ਰਤੀ ਮਹੀਨਾ
- ਨੈਚੁਰਲ ਗੈਸ: 417 ਗੀਗਾਜੂਲ ਪ੍ਰਤੀ ਮਹੀਨਾ

ਜੇਕਰ ਤੁਸੀਂ ਇਹਨਾਂ ਹੀਟਿੰਗ ਫਿਊਲ ਦੀ ਵਰਤੋਂ ਕਰਦੇ ਹੋ, ਤਾਂ ਤੁਸੀਂ ਅਕਤੂਬਰ ਵਿੱਚ ਪ੍ਰੋਗਰਾਮ ਸ਼ੁਰੂ ਹੋਣ ਤੋਂ ਬਾਅਦ alberta.ca 'ਤੇ ਛੋਟ ਲਈ ਸਿੱਧਾ ਔਨਲਾਈਨ ਅਰਜ਼ੀ ਦੇ ਸਕੋਗੇ। ਮੇਲ-ਇਨ ਅਤੇ ਟੈਲੀਫੋਨ ਵਿਕਲਪ ਵੀ ਉਪਲਬਧ ਹੋਣਗੇ।

# ਫੌਰੀ ਤੱਥ

- ਅਲਬਰਟਾ ਵਿੱਚ, ਮੂਲ ਨਿਯੰਤ੍ਰਿਤ ਰੇਟ ਪੂਰੇ ਮਹੀਨੇ ਲਈ ਸੈੱਟ ਕੀਤੇ ਜਾਂਦੇ ਹਨ ਅਤੇ ਪੂਰਾ ਮਹੀਨਾ ਵੱਧਦੇ-ਘੱਟਦੇ ਨਹੀਂ ਹਨ। ਰੇਟ ਅਲਬਰਟਾ ਯੂਟੀਲਿਟੀਜ਼ ਕਮਿਸ਼ਨ ਦੁਆਰਾ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਸਰਕਾਰ ਦੁਆਰਾ ਨਿਰਧਾਰਤ ਨਹੀਂ ਕੀਤੇ ਜਾਂਦੇ ਹਨ।
- ਛੋਟ ਬਿੱਲ ਦੇ ਨੈਚੁਰਲ ਗੈਸ ਹਿੱਸੇ 'ਤੇ ਇੱਕ ਵੱਖਰੀ ਲਾਈਨ ਆਈਟਮ ਵਜੋਂ "GOA Utility Commodity Rebate" ਦੇ ਅਧੀਨ ਦਿਖਾਈ ਦੇਵੇਗੀ।
  - ਜੇਕਰ alberta.ca 'ਤੇ ਪੋਸਟ ਕੀਤਾ ਮਹੀਨਾਵਾਰ ਮੂਲ ਰੇਟ $6.50 ਪ੍ਰਤੀ ਗੀਗਾਜੂਲ ਤੋਂ ਵੱਧ ਹੈ, ਤਾਂ ਯੋਗ ਖਪਤਕਾਰਾਂ ਨੂੰ ਉਸ ਮਹੀਨੇ ਦੀ ਵਰਤੋਂ ਲਈ ਬਿੱਲ 'ਤੇ ਕ੍ਰੈਡਿਟ ਕੀਤੀ ਛੋਟ ਪ੍ਰਾਪਤ ਹੋਵੇਗੀ।
  - ਜੇਕਰ alberta.ca 'ਤੇ ਪੋਸਟ ਕੀਤਾ ਮਹੀਨਾਵਾਰ ਮੂਲ ਰੇਟ $6.50 ਪ੍ਰਤੀ ਗੀਗਾਜੂਲ 'ਤੇ ਜਾਂ ਇਸ ਤੋਂ ਘੱਟ ਹੈ, ਤਾਂ ਕੋਈ ਛੋਟ ਪ੍ਰਦਾਨ ਨਹੀਂ ਕੀਤੀ ਜਾਵੇਗੀ ਅਤੇ ਉਸ ਮਹੀਨੇ ਦੇ ਬਿੱਲ 'ਤੇ ਕੋਈ ਲਾਈਨ ਆਈਟਮ ਦਿਖਾਈ ਨਹੀਂ ਦੇਵੇਗੀ।
- ਛੋਟਾਂ ਨੂੰ ਸੰਬੰਧਿਤ ਬਿਲਿੰਗ ਮਹੀਨੇ 'ਤੇ ਲਾਗੂ ਕੀਤਾ ਜਾਵੇਗਾ। ਉਦਾਹਰਨ ਲਈ, ਜੇਕਰ ਅਕਤੂਬਰ ਵਿੱਚ ਮੂਲ ਰੇਟ $6.50 ਪ੍ਰਤੀ ਗੀਗਾਜੂਲ ਤੋਂ ਵੱਧ ਜਾਂਦਾ ਹੈ, ਤਾਂ ਛੋਟ ਉਸ ਬਿਲਿੰਗ ਮਿਆਦ ਨੂੰ ਕਵਰ ਕਰਨ ਵਾਲੇ ਬਿੱਲਾਂ 'ਤੇ ਲਾਗੂ ਕੀਤੀ ਜਾਵੇਗੀ।

- ਛੋਟ ਪ੍ਰਾਪਤ ਕਰਨ ਦਾ ਸਹੀ ਸਮਾਂ ਗਾਹਕ ਦੇ ਉਪਯੋਗਤਾ ਪ੍ਰਦਾਤਾ ਦੇ ਬਿਲਿੰਗ ਚੱਕਰ ਦੇ ਅਧਾਰ 'ਤੇ ਗਾਹਕਾਂ ਲਈ ਵੱਖ-ਵੱਖ ਹੋਵੇਗਾ।
- ਪੈਟ੍ਰੋਲੀਅਮ-ਆਧਾਰਿਤ ਹੀਟਿੰਗ ਫਿਊਲ ਲਈ ਛੋਟ ਦੀ ਗਣਨਾ, ਵਿਕਲਪਕ ਫਿਊਲ ਲਈ ਖਪਤ ਦੀ ਸਮਾਨਤਾ ਨਿਰਧਾਰਤ ਕਰਨ ਲਈ ਇੱਕ ਪ੍ਰਮਾਣਿਤ ਸਮੀਕਰਨ ਦੀ ਵਰਤੋਂ ਕਰਦੇ ਹੋਏ, ਉਸੇ ਢੰਗ ਨਾਲ ਕੀਤੀ ਜਾਵੇਗੀ ਜਿਵੇਂ ਕਿ ਨੈਚੁਰਲ ਗੈਸ ਖਪਤਕਾਰਾਂ ਲਈ ਕੀਤੀ ਜਾਂਦੀ ਹੈ।
- ਉਹ ਖਪਤਕਾਰ ਜੋ ਨੈਚੁਰਲ ਗੈਸ ਪ੍ਰਣਾਲੀ ਨਾਲ ਜੁੜੇ ਹੋਏ ਹਨ ਅਤੇ ਮੰਨਦੇ ਹਨ ਕਿ ਉਹ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਪਰ ਉਨ੍ਹਾਂ ਨੂੰ ਮਹੀਨਾਵਾਰ ਛੋਟ ਨਹੀਂ ਮਿਲੀ ਹੈ, ਉਹ ਸਹਾਇਤਾ ਲਈ 310-4822 ਜਾਂ UCAhelps@gov.ab.ca 'ਤੇ ਯੁਟਿਲਿਟੀ ਕੰਜ਼ਿਊਮਰ ਐਡਵੋਕੇਟ ਨਾਲ ਸੰਪਰਕ ਕਰ ਸਕਦੇ ਹਨ।
- ਜੋ ਖਪਤਕਾਰ ਨੈਚੁਰਲ ਗੈਸ ਪ੍ਰਣਾਲੀ ਨਾਲ ਨਹੀਂ ਜੁੜੇ ਹੋਏ ਹਨ ਜਾਂ ਹੋਰ ਯੋਗ ਹੀਟਿੰਗ ਫਿਊਲ ਦੀ ਖਪਤ ਕਰਦੇ ਹਨ, ਉਹਨਾਂ ਲਈ ਜਾਣਕਾਰੀ ਪ੍ਰੋਗਰਾਮ ਸ਼ੁਰੂ ਹੋਣ ਤੋਂ ਬਾਅਦ ਆਨਲਾਈਨ ਪੋਸਟ ਕੀਤੀ ਜਾਵੇਗੀ।
- ਅਲਬਰਟਾ ਸਰਕਾਰ ਛੋਟ ਪ੍ਰੋਗਰਾਮ ਬਾਰੇ ਟੈਕਸਟ ਜਾਂ ਈਮੇਲ ਨਹੀਂ ਭੇਜੇਗੀ ਅਤੇ ਛੋਟ ਪ੍ਰਾਪਤ ਕਰਨ ਲਈ ਅਲਬਰਟਾ ਵਾਸੀਆਂ ਨੂੰ ਟੈਕਸਟ ਜਾਂ ਈਮੇਲ ਰਾਹੀਂ ਨਿੱਜੀ ਜਾਣਕਾਰੀ ਜਮ੍ਹਾਂ ਕਰਾਉਣ ਲਈ ਨਹੀਂ ਕਹੇਗੀ।

## ਸੰਬੰਧਿਤ ਜਾਣਕਾਰੀ

- ਊਰਜਾ ਕਿਫ਼ਾਇਤ ਪ੍ਰੋਗਰਾਮ

## ਮੀਡੀਆ ਵੱਲੋਂ ਪੁੱਛਗਿੱਛ


### ਮਾਰਜੌਕਸ ਮਾਰੋਨ (Margeaux Maron)

780-554-1866
ਚੀਫ਼ ਆਫ਼ ਸਟਾਫ਼, ਨੈਚੁਰਲ ਗੈਸ ਅਤੇ ਬਿਜਲੀ